BBC LEARNING ENGLISH

# Essential English Conversation

# ਤੁਸੀਂ ਕਿੱਥੇ ਰਹਿੰਦੇ ਹੋ:

# ਮੈਂ ਉੱਥੇ ਕਿੱਦਾਂ ਪਹੁੰਚਾਂ ?

**ਰਾਜਵੀਰ**

ਹੈਲੋ, Essential English Conversation (ਅਸੈਂਸ਼ੀਅਲ ਇੰਗਲਿਸ਼ ਕਨਵਰਸੇਸ਼ਨ) ਵਿੱਚ ਤੁਹਾਡਾ ਸਵਾਗਤ ਹੈ। ਜਿਥੇ ਅਸੀਂ ਗੱਲ ਕਰਾਂਗੇ ਭਾਸ਼ਾ ਦੇ ਉਹਨਾਂ ਅਹਿਮ ਨੁਕਤਿਆਂ ਦੀ ਜਿਹਨਾਂ ਬਿਨਾਂ ਅੰਗਰੇਜ਼ੀ ਭਾਸ਼ਾ ਦੇ ਸਿਖਿਆਰਥੀਆਂ ਦਾ ਗੁਜ਼ਾਰਾ ਨਹੀਂ। ਮੈਂ ਰਾਜਵੀਰ ਤੇ ਅੱਜ ਅਸੀਂ ਸਿੱਖਾਂਗੇ ਅੰਗਰੇਜ਼ੀ ਵਿੱਚ ਕਿਸੇ ਵਿਸ਼ੇਸ਼ ਥਾਂ ਉੱਪਰ ਪਹੁੰਚਣ ਦਾ ਰਾਹ ਕਿਵੇਂ ਪੁੱਛੀਏ?

ਦੋ ਲੋਕਾਂ ਨੂੰ ਸੁਣੋ ਜੋ ਸੁਪਰ ਮਾਰਕਿਟ ਜਾਣ ਦਾ ਰਸਤਾ ਪੁੱਛ ਰਹੇ ਹਨ।

***Phil***

*How do I get to the supermarket?*

***Sam***

*Turn left, go straight on, turn right, it's on Queen Street.*

***Phil***

*Thanks!*

**ਰਾਜਵੀਰ**

ਜੇ ਔਖਾ ਲੱਗਿਆ ਤਾਂ ਵੀ ਚਿੰਤਾ ਨਾ ਕਰੋ। ਤੁਸੀਂ ਅਭਿਆਸ ਕਰ ਸਕੋਂ, ਇਸ ਲਈ ਅਸੀਂ ਗੱਲਬਾਤ ਨੂੰ ਛੋਟੇ ਹਿੱਸਿਆਂ ਵਿੱਚ ਵੰਡ ਦਿਆਂਗੇ।

ਪਹਿਲੇ ਵਕਤਾ ਨੇ ਪੁੱਛਿਆ ਕਿ ਉਹ ਸੁਪਰ-ਮਾਰਕਿਟ 'supermarket' ਕਿਵੇਂ ਜਾਵੇ। ਉਸਨੇ ਪ੍ਰਸ਼ਨ ਪੁੱਛਿਆ, ਮੈਂ...ਥਾਂ ਉੱਤੇ ਕਿਵੇਂ ਪਹੁੰਚਾ **'How do I get to...'** ਅਤੇ ਫ਼ਿਰ ਥਾਂ ਦਾ ਨਾਮ 'the supermarket' ਜੋੜਿਆ।

ਤੁਸੀਂ ਵੀ ਸੁਣਕੇ ਪਿੱਛੇ ਬੋਲੋ।

*How do I get to the supermarket?*


© British Broadcasting Corporation 2017

### ਰਾਜਵੀਰ

ਦੂਸਰੇ ਵਕਤਾ ਨੇ ਉਸਨੂੰ ਜਾਣ ਦਾ ਰਾਹ ਦੱਸਿਆ, ਉਸਨੇ ਕਿਹਾ ਪਹਿਲਾਂ ਖੱਬੇ ਮੁੜਕੇ 'turn left' ਸਿੱਧੇ ਜਾਣਾ 'go straight on' ਅਤੇ ਬਾਅਦ ਵਿੱਚ ਸੱਜੇ ਮੁੜਨਾ 'turn right' I ਸੁਣੋ ਤੇ ਵਾਕ ਨੂੰ ਦਹੁਰਾਓ ਵੀ।

*Turn left.*
*Go straight on.*
*Turn right.*

### ਰਾਜਵੀਰ

ਫ਼ੇਰ ਉਸਨੇ ਕਿਹਾ ਇਹ ਕੁਈਨ ਸਟਰੀਟ ਉੱਪਰ ਹੈ 'it's on Queen Street' I ਉਸਨੇ ਕਿਹਾ ਇਹ... ਉੱਪਰ ਹੈ 'it's on…' ਅਤੇ ਸੜਕ ਦਾ ਨਾਮ ਲਿਆ। ਸੁਣੋ ਅਤੇ ਵਾਕ ਨੂੰ ਪਿੱਛੇ ਬੋਲੋ।

*It's on Queen Street.*

### ਰਾਜਵੀਰ

ਪਹਿਲੇ ਵਕਤਾ ਨੇ ਮਦਦ ਲਈ ਧੰਨਵਾਦ 'thanks!' ਕੀਤਾ। ਸੁਣੋ ਤੇ ਦਹੁਰਾਓ।

*Thanks.*

### ਰਾਜਵੀਰ

ਸ਼ਾਬਾਸ਼ ਹੁਣ ਜੋ ਤੁਸੀਂ ਕਿਹਾ ਉਸਨੂੰ ਚੈੱਕ ਕਰੋ। ਅਲੱਗ ਅਲੱਗ ਲੋਕਾਂ ਨੂੰ ਸੁਣੋ ਜੋ ਇੱਕ ਦੂਸਰੇ ਤੋਂ ਕਿਤੇ ਪਹੁੰਚਣ ਦੀ ਥਾਂ ਬਾਰੇ ਪੁੱਛ ਰਹੇ ਹਨ।
ਪੀਟ ਬੈਂਕ bank ਜਾਣਾ ਚਾਹੁੰਦਾ ਹੈ।

*How do I get to the bank?*
*Turn right, go straight on, turn left, it's on Perth Road.*
*Thanks!*

ਕਲੇਅਰ ਡਾਕਖ਼ਾਨੇ 'post office' ਜਾਣਾ ਚਾਹੁੰਦਾ ਹੈ।

*How do I get to the post office?*
*Go straight on, turn right, turn left, it's on South Street.*
*Thanks!*

### ਰਾਜਵੀਰ

ਠੀਕ ਹੈ, ਫ਼ੇਰ ਕੋਸ਼ਿਸ਼ ਕਰਦੇ ਹਾਂ। ਅੰਗਰੇਜ਼ੀ ਦੇ ਵਾਕਾਂ ਨੂੰ ਸੁਣੋ ਤੇ ਦਹੁਰਾਓ।

*How do I get to the supermarket?*
*Turn left.*
*Go straight on.*


© British Broadcasting Corporation 2017

*Turn right.*
*It's on Queen Street.*
*Thanks!*

**ਰਾਜਵੀਰ**

ਬਹੁਤ ਅੱਛਾ। ਚਲੋ ਦੇਖਦੇ ਹਾਂ ਤੁਸੀਂ ਕਿੰਨੀ ਚੰਗੀ ਤਰ੍ਹਾਂ ਯਾਦ ਰੱਖਿਆ। ਆਪਣੀ ਬੋਲੀ ਵਿੱਚ ਵਾਕਾਂ ਨੂੰ ਸੁਣੋ ਅਤੇ ਅੰਗਰੇਜ਼ੀ ਵਿੱਚ ਉਹਨਾਂ ਨੂੰ ਬੋਲੋ।

ਮੈਂ ਸੁਪਰ-ਮਾਰਕਿਟ ਕਿਵੇਂ ਪਹੁੰਚਾ?
*How do I get to the supermarket?*

ਖੱਬੇ ਮੁੜੋ।
*Turn left.*

ਸਿੱਧੇ ਜਾਓ।
*Go straight on.*

ਸੱਜੇ ਮੋੜ ਲੈਣਾ।
*Turn right.*

ਇਹ ਕੂਈਨ ਸਟਰੀਟ ਉੱਪਰ ਹੈ।
*It's on Queen Street.*

ਧੰਨਵਾਦ।
*Thanks!*

**ਰਾਜਵੀਰ**

ਬਹੁਤ ਵਧੀਆ। ਹੁਣ ਤੁਸੀਂ ਜਾਣਦੇ ਹੋ ਲੋਕਾਂ ਨੂੰ ਅੰਗਰੇਜ਼ੀ ਵਿੱਚ ਖ਼ਾਸ ਥਾਵਾਂ ਉੱਪਰ ਪਹੁੰਚਣ ਲਈ ਰਸਤਿਆਂ ਬਾਰੇ ਕਿਵੇਂ ਪੁੱਛਣਾ ਹੈ। ਪਹਿਲੇ ਵਕਤਾ ਦੇ, ਦਿਸ਼ਾਵਾਂ ਸੰਬੰਧੀ ਪ੍ਰਸ਼ਨਾਂ ਦਾ ਜੁਆਬ ਦੇ ਕੇ, ਅਭਿਆਸ ਕਰੋ।

*How do I get to the supermarket?*

*Thanks!*

**ਰਾਜਵੀਰ**

Great, ਹੁਣ ਆਪਣੇ ਜੁਆਬਾਂ ਨੂੰ ਚੈੱਕ ਕਰਨ ਲਈ ਸਾਰੀ ਗੱਲਬਾਤ ਦੁਬਾਰਾ ਸੁਣੋ।


© British Broadcasting Corporation 2017

***Phil***
*How do I get to the supermarket?*

***Sam***
*Turn left, go straight on, turn right, it's on Queen Street.*

***Phil***
*Thanks!*

**ਰਾਜਵੀਰ**
ਬਹੁਤ ਅੱਛਾ! ਹੁਣ ਤੁਸੀਂ ਅੰਗਰੇਜ਼ੀ ਵਿੱਚ ਲੋਕਾਂ ਨੂੰ ਆਪਣੇ ਸ਼ਹਿਰ ਦੀਆਂ ਥਾਵਾਂ ਦੇ ਰਸਤਿਆਂ ਬਾਰੇ ਪੁੱਛ ਅਤੇ ਦੱਸ ਸਕਦੇ ਹੋ। ਜੋ ਵੀ ਸਿੱਖਿਆ ਉਸਨੂੰ ਦਹੁਰਾਉਣਾ ਜ਼ਰੂਰ ਯਾਦ ਰੱਖਣਾ। ਇੱਕ ਦੋਸਤ ਲੱਭੋ ਤੇ ਉਸਨੂੰ ਅੰਗਰੇਜ਼ੀ ਵਿੱਚ ਵੱਖ-ਵੱਖ ਥਾਵਾਂ ਦੀਆਂ ਦਿਸ਼ਾਵਾਂ ਬਾਰੇ ਪੁੱਛਕੇ ਅਤੇ ਦੱਸਕੇ ਅਭਿਆਸ ਕਰੋ। ਚਲੋ ਅੱਜ ਦਾ ਐਪੀਸੋਡ ਇਥੇ ਹੀ ਖ਼ਤਮ ਕਰਦੇ ਹਾਂ।
ਰੋਜ਼ਾਨਾ ਬੋਲਚਾਲ ਦੀ ਅੰਗਰੇਜ਼ੀ ਭਾਸ਼ਾ ਸਿੱਖਣ ਲਈ ਸਾਡੇ ਨਾਲ ਫ਼ੇਰ ਜੁੜੋ।ਬਾਏ।


© British Broadcasting Corporation 2017